ਨਿਊਜ਼ ਰਿਲੀਜ਼

# ਐਮਰਜੈਂਸੀ ਮੈਡੀਕਲ ਸਰਵਿਸ ਰਿਸਪਾਂਸ ਨੂੰ ਚੰਗੇਰਾ ਬਣਾਉਣਾ

04 ਜੂਨ 2024 ਮੀਡੀਆ ਇੰਨਕੁਆਰੀਆਂ

## ਐਲਬਰਟਾ ਸਰਕਾਰ ਨੇ ਇਕ ਨਵੇਂ ਐਲਬਰਟਾ-ਆਧਾਰਿਤ ਏਅਰ ਰੈਸਕਿਊ ਕਾਂਟਰੈਕਟ ਨੂੰ ਅੰਤਮ ਰੂਪ ਦਿੱਤਾ ਹੈ ਜਿਹੜਾ ਯਕੀਨੀ ਬਣਾਵੇਗਾ ਕਿ ਐਮਰਜੈਂਸੀ ਹਵਾਈ ਬਚਾਉ ਸੇਵਾਵਾਂ ਜਾਰੀ ਰਹਿੰਦੀਆਂ ਹਨ।

ਹਵਾਈ ਐਂਬੂਲੈਂਸਾਂ ਐਲਬਰਟਾ ਦੇ ਸਿਹਤ ਸੰਭਾਲ ਪ੍ਰਬੰਧ 'ਚ ਇਕ ਮਹੱਤਵਪੂਰਨ ਰੋਲ ਅਦਾ ਕਰਦੀਆਂ ਹਨ। ਉਹ ਮੈਡੀਕਲ ਐਮਰਜੈਂਸੀਆਂ ਦੌਰਾਨ ਭੂਗੋਲਿਕ ਰੁਕਾਵਟਾਂ ਨੂੰ ਪਾਰ ਕਰਦਿਆਂ ਅਤੇ ਵਿਸ਼ੇਸ਼ੀਕ੍ਰਿਤ ਸਿਹਤ ਸੰਭਾਲ ਤੱਕ ਫੌਰੀ ਪਹੁੰਚ ਮੁਹੱਈਆ ਕਰਦਿਆਂ ਇਕ ਜ਼ਰੂਰੀ ਜੀਵਨ ਰੇਖਾ ਵਜੋਂ ਕੰਮ ਕਰਦੀਆਂ ਹਨ। ਉਨ੍ਹਾਂ ਦੀਆਂ ਮਰੀਜ਼ ਨੂੰ ਮੈਡੀਕਲ ਫੈਸਿਲਿਟੀਆਂ ਤੱਕ ਪੁਚਾਉਣ ਦੀਆਂ ਫੌਰੀ ਰਿਸਪਾਂਸ/ਪ੍ਰਤਿਕਿਰਿਆ ਸਮਰੱਥਾਵਾਂ ਅਤੇ ਯੋਗਤਾਵਾਂ ਅਕਸਰ ਜ਼ਿੰਦਗੀ ਅਤੇ ਮੌਤ ਦਰਮਿਆਨ ਫਰਕ ਦਾ ਅਰਥ ਰੱਖਦੀਆਂ ਹਨ।

ਸਰਕਾਰ ਐਲਬਰਟਾ ਵਾਸੀਆਂ ਨੂੰ ਵਿਲੱਖਣ ਪ੍ਰਕਾਰ ਦੀਆਂ ਐਮਰਜੈਂਸੀ ਹਵਾਈ ਬਚਾਉ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਇਸ ਨੇ ਸ਼ਾਕ ਟਰਾਉਮਾ ਏਅਰ ਰੈਸਕਿਊ ਸਰਵਿਸਿਜ਼ (STARS) ਨਾਲ 10-ਸਾਲਾ ਕਾਂਟਰੈਕਟ ਕੀਤਾ ਹੈ। ਨਵਾਂ ਕਾਂਟਰੈਕਟ ਯਕੀਨੀ ਬਣਾਵੇਗਾ ਕਿ ਐਮਰਜੈਂਸੀ ਮੈਡੀਕਲ ਸੇਵਾਵਾਂ (EMS) ਸੂਬੇ ਭਰ 'ਚ ਉਪਲਬਧ ਰਹਿੰਦੀਆਂ ਹਨ। STARS ਐਲਬਰਟਾ ਵਾਸੀਆਂ ਨੂੰ ਤੇਜ ਅਤੇ ਪ੍ਰਭਾਵਸ਼ਾਲੀ ਮੈਡੀਕਲ ਰਿਸਪਾਂਸ ਸੇਵਾਵਾਂ ਪ੍ਰਦਾਨ ਕਰਨ 'ਚ ਸਹਾਇਕ ਰਹਿੰਦਾ ਰਿਹਾ ਹੈ, ਵਿਸ਼ੇਸ਼ ਤੌਰ 'ਤੇ ਉਨ੍ਹਾਂ ਨੂੰ ਜਿਹੜੇ ਪੇਂਡੂ ਅਤੇ ਦੂਰ-ਦੁਰਾਡੀਆਂ ਕਮਿਊਨਿਟੀਆਂ 'ਚ ਰਹਿੰਦੇ ਹਨ, ਅਤੇ ਇਹ ਸਮਝੌਤਾ ਯਕੀਨੀ ਬਣਾਉਂਦਾ ਹੈ ਕਿ ਇਕ ਕੁਝ ਜਾਰੀ ਰਹੇਗਾ।

"ਹਰੇਕ ਐਲਬਰਟਾ ਨਿਵਾਸੀ ਉੱਤਮ ਪ੍ਰਕਾਰ ਦੀ ਸਿਹਤ ਸੰਭਾਲ  ਤੱਕ ਪਹੁੰਚ ਦਾ ਹੱਕਦਾਰ ਹੈ, ਭਾਵੇਂ ਕਿ ਉਹ ਸਾਡੇ ਸੂਬੇ 'ਚ ਕਿਤੇ ਵੀ ਰਹਿੰਦੇ ਹੋਣ, ਅਤੇ  STARS  ਇਹ ਸਭ ਕੁਝ ਮੁਹੱਈਆ ਕਰਨ ਲਈ ਸਾਡੀ ਮਦਦ ਕਰਦਾ ਹੈ।  STARS ਦੇ ਰਾਹੀਂ ਅਸੀਂ ਪੇਂਡੂ ਅਤੇ ਦੂਰ-ਦੁਰਾਡੀਆਂ ਕਮਿਊਨਿਟੀਆਂ ਦੇ ਐਲਬਰਟਾ ਵਾਸੀਆਂ ਨੂੰ ਮਹੱਤਵਪੂਰਨ ਸਿਹਤ ਸੰਭਾਲ ਸੇਵਾਵਾਂ ਨਾਲ ਜੋੜ ਸਕਣ, ਮਰੀਜ਼ਾਂ ਦੇ ਪਰਿਣਾਮਾਂ 'ਚ ਸੁਧਾਰ ਲਿਆਉਣ ਅਤੇ ਪਰਿਵਾਰਾਂ ਨੂੰ ਤਸੱਲੀ ਪ੍ਰਦਾਨ ਕਰ ਸਕਣ ਦੇ ਵਧੇਰੇ ਚੰਗੇ ਰੂਪ 'ਚ ਕਾਬਲ ਬਣਦੇ ਹਾਂ। ਨਵੇਂ ਸਮਝੌਤੇ ਦਾ ਮਤਲਬ ਹੈ ਕਿ ਐਲਬਰਟਾ ਵਾਸੀ ਹੋਰ 10 ਸਾਲਾਂਲਈ ਪ੍ਰਤਿਸ਼ਠ, ਲਾਲ ਹੈਲੀਕਾਪਟਰਾਂ,

Classification: Public

ਅਤੇ ਉਨ੍ਹਾਂ ਦੇ ਉੱਚ ਮੁਹਾਰਤ ਵਾਲੇ ਮੈਡੀਕਲ ਪ੍ਰੋਫੈਸ਼ਨਲ, ਜਿਹੜੇ ਕਿਤੇ ਵੀ ਵਾਪਰਦੇ ਸੰਕਟ 'ਚ ਜਵਾਬਦੇਹੀ ਕਰਦੇ ਹਨ, ਉੱਪਰ ਨਿਰਭਰ ਕਰ ਸਕਦੇ ਹਨ।"

*Danielle Smith, ਪ੍ਰੀਮੀਅਰ*

ਕਾਰਜ-ਕੁਸ਼ਲਤਾ 'ਤੇ ਆਧਾਰਿਤ ਇਹ ਸਮਝੌਤਾ ਐਲਬਰਟਾ ਨਿਵਾਸੀਆਂ ਨੂੰ ਜਾਨ-ਬਚਾਊ ਸਿਹਤ ਸੰਭਾਲ ਤੱਕ ਸਮੇਂ ਸਿਰ ਪਹੁੰਚ ਪ੍ਰਦਾਨ ਕਰਨ ਨੂੰ ਯਕੀਨੀ ਬਣਾਉਣ ਦੀ ਸੂਬਾਈ ਸਰਕਾਰ ਦੀ ਵਚਨਬਧਤਾ 'ਚ ਇਕ ਜ਼ਿਕਰਯੋਗ ਮੀਲਪੱਥਰ ਬਣਦਾ ਹੈ। ਹਵਾਈ ਐਂਬੂਲੈਂਸ ਦੇ ਇਕ ਫਲੀਟ ਅਤੇ ਉੱਚ ਮੁਹਾਰਤ ਵਾਲੇ ਮੈਡੀਕਲ ਪ੍ਰੋਫੈਸ਼ਨਲਾਂ ਨਾਲ ਲੈਸ, STARS  ਇਕ ਵਿਲੱਖਣ ਪ੍ਰਕਾਰ ਦਾ ਸਥਾਨ ਰੱਖਦੇ ਹਨ, ਜਿਹੜੇ ਸੂਬੇ ਭਰ 'ਚ ਐਮਰਜੈਂਸੀ ਮੈਡੀਕਲ ਸੇਵਾਵਾਂ ਮੁਹੱਈਆ ਕਰਨ ਦੀਆਂ ਚੁਣੌਤੀਆਂ ਨਾਲ ਨਿਪਟਣ ਦੇ ਯੋਗ ਹਨ। ਇਹ ਭਾਈਵਾਲੀ ਉਨ੍ਹਾਂ ਕਮਿਊਨਿਟੀਆਂ 'ਚ, ਜਿੱਥੇ ਸਿਹਤ ਸੇਵਾਵਾਂ ਤੱਕ ਪਹੁੰਚ ਸੀਮਤ ਹੈ, ਰਿਸਪਾਂਸ ਦੇ ਸਮਿਆਂ 'ਚ ਸੁਧਾਰ ਲਿਆਉਣ ਅਤੇ ਮਰੀਜ਼ਾਂ ਦੇ ਪਰੀਣਾਮਾਂ ਨੂੰ ਚੰਗੇਰੇ ਬਣਾਉਣ ਦੀ STARS  ਦੀ ਮੁਹਾਰਤ ਅਤੇ ਉੱਤਮ ਕਾਰਜ-ਕੁਸ਼ਲਤਾ ਦਾ ਫਾਇਦਾ ਉਠਾਵੇਗੀ।

"ਅਸੀਂ STARS ਨਾਲ ਇਸ ਭਾਈਵਾਲੀ ਦਾ ਐਲਾਨ ਕਰਦਿਆਂ ਮਾਣ ਮਹਿਸੂਸ ਕਰਦੇ ਹਾਂ, ਜਿਹੜੀ ਦੂਰ-ਦੁਰਾਡੇ ਅਤੇ ਪੇਂਡੂ ਖੇਤਰਾਂ ਐਮਰਜੈਂਸੀ ਮੈਡੀਕਲ ਸੇਵਾਵਾਂ ਨੂੰ ਮਜ਼ਬੂਤ ਬਣਾਉਣ ਦੇ ਸਾਡੇ ਚੱਲ ਰਹੇ ਯਤਨਾਂ 'ਚ ਹੋਰ ਅਗਾਂਹ ਵੱਲ ਨੂੰ ਜਾਣ ਦੇ ਇਕ ਮਹੱਤਵਪੂਰਨ ਕਦਮ ਨੂੰ ਦਰਸਾਉਂਦੀ ਹੈ। ਇਹ 10-ਸਾਲਾ ਕਾਂਟਰੈਕਟ ਇਹ ਯਕੀਨੀ ਬਣਾਉਣ ਦੀ ਸਾਡੀ ਪ੍ਰਤਿਬਧਤਾ ਨੂੰ ਬਲ ਪ੍ਰਦਾਨ ਕਰਦਾ ਹੈ, ਕਿ ਐਲਬਰਟਾ ਨਿਵਾਸੀਆਂ ਪਾਸ, ਸਮੇਂ ਸਿਰ ਅਤੇ ਉੱਚ ਦਰਜੇ ਦੀ ਸਿਹਤ ਸੰਭਾਲ, ਜਿੱਥੇ ਵੀ ਚਾਹੀਦੀ ਹੋਵੇ, ਤੱਕ ਪਹੁੰਚ ਹੈ।"

*Adriana LaGrange, ਮਿਨਿਸਟਰ ਆਫ ਹੈਲਥ*

STARS ਨਾਲ ਇਹ ਲੰਮੇ ਸਮੇਂ ਦਾ ਸਹਿਯੋਗ ਐਲਬਰਟਾ ਸਰਕਾਰ ਦੀ ਇਹ ਯਕੀਨੀ ਬਣਾਉਣ ਦੀ ਇਕ ਵਚਨਬਧਤਾ ਹੈ ਕਿ ਐਲਬਰਟਾ ਨਿਵਾਸੀਆਂ, ਵਿਸ਼ੇਸ਼ ਕਰਕੇ ਉਹ ਜੋ ਪੇਂਡੂ ਅਤੇ ਦੂਰ-ਦੁਰਾਡੀਆਂ ਕਮਿਊਨਿਟੀਆਂ 'ਚ ਹਨ, ਪਾਸ ਇਕ ਐਮਰਜੈਂਸੀ ਮੈਡੀਕਲ ਸਰਵਿਸਿਜ਼ ਸਿਸਟਮ ਹੈ ਜਿਹੜਾ ਮੈਡੀਕਲ ਐਮਰਜੈਂਸੀਆਂ 'ਚ ਪ੍ਰਭਾਵਸ਼ਾਲੀ ਢੰਗ ਨਾਲ ਰਿਸਪਾਂਸ ਦਿੰਦਾ ਹੈ।

STARS ਦਾ ਚੁਣੌਤੀਪੂਰਨ ਹਾਲਾਤ ਵਿਚ ਵਿਲੱਖਣ ਪ੍ਰਕਾਰ ਦੀ ਸਿਹਤ ਸੰਭਾਲ ਮੁਹੱਈਆ ਕਰਨ ਦਾ ਇਕ ਸਾਬਤ ਹੋਇਆ ਟਰੈਕ ਰਿਕਾਰਡ ਹੈ, ਅਤੇ ਇਹ ਭਾਈਵਾਲੀ ਐਲਬਰਟਾ ਦੇ ਐਮਰਜੈਂਸੀ ਮੈਡੀਕਲ ਸਰਵਿਸਿਜ਼ ਨੈੱਟਵਰਕ  'ਚ ਉਨ੍ਹਾਂ ਦੇ ਸਥਾਨ ਨੂੰ ਆਧਾਰਸ਼ਿਲਾ ਵਜੋਂ ਹੋਰ ਪਕੇਰਾ ਕਰਦੀ ਹੈ। ਨਵਾਂ ਕਾਂਟਰੈਕਟ ਹਵਾਈ ਐਂਬੂਲੈਂਸ ਸੇਵਾਵਾਂ ਨੂੰ ਸਥਿਰ ਕਰਨ ਅਤੇ ਐਲਬਰਟਾ ਭਰ 'ਚ ਸਿਹਤ ਸੰਭਾਲ ਪ੍ਰਦਾਨਗੀ ਨੂੰ ਮਜ਼ਬੂਤ ਕਰਨ ਦੁਆਰਾ ਸਾਰੇ ਸੂਬੇ ''ਚ ਐਮਰਜੈਂਸੀ ਮੈਡੀਕਲ ਰਿਸਪਾਂਸ ਦੇ ਨਵੇਂ ਮਿਆਰ ਸੈੱਟ ਕਰਨ ਅਤੇ ਮਰੀਜ਼ਾਂ ਦੇ ਪਰੀਣਾਮਾਂ 'ਚ ਸੁਧਾਰ  ਲਿਆਉਣ 'ਤੇ ਕੇਂਦਰਿਤ ਹੈ।

"ਐਲਬਰਟਾ ਨਿਵਾਸੀ ਸੂਬੇ ਭਰ 'ਚ ਸਿਹਤ ਸੰਭਾਲ ਤੱਕ ਪਹੁੰਚ ਕਰਨ 'ਚ ਚੁਣੌਤੀਆਂ ਦਾ ਸਾਹਮਣਾ ਕਰਦੇ ਹਨ। ਸੀਮਤ ਸੜਕੀ ਤਾਣੇ ਬਾਣੇ ਵਾਲੀਆਂ ਥਾਵਾਂ 'ਚ ਜ਼ਰੂਰੀ ਅਤੇ ਸੰਕਟਕਾਲੀ ਸਿਹਤ ਸੰਭਾਲ ਲੋੜਾਂ ਦੀ ਪੂਰਤੀ 'ਚ ਸਹਿਯੋਗ ਵਾਸਤੇ ਹਵਾਈ ਐਂਬੂਲੈਂਸ ਦਾ ਚਲਾਉਣਾ ਮਹੱਤਵਪੂਰਨ ਹੈ। ਇਹ 10-ਸਾਲਾ ਕਾਂਟਰੈਕਟ ਕਮਿਊਨਿਟੀਆਂ 'ਚ ਮੁੜ-ਸਥਾਪਨ ਅਤੇ ਤਿਆਰੀ ਦਾ ਇਕ ਨਵਾਂ ਯੁੱਗ ਪ੍ਰਦਾਨ ਕਰੇਗਾ।"

*Martin Long, ਪਾਰਲੀਮੈਂਟਰੀ ਸੈਕਰੇਟਰੀ ਫਾਰ ਰੂਰਲ ਹੈਲਥ*

"ਸੂਬੇ ਭਰ 'ਚ ਸਾਨੂੰ ਜਾਨ-ਬਚਾਊ ਸਿਹਤ ਸੰਭਾਲ, ਜਿੱਥੇ ਵੀ ਚਾਹੀਦੀ ਹੋਵੇ, ਆਉਂਣ ਵਾਲੇ ਕਈ ਸਾਲਾਂ ਵਾਸਤੇ ਪ੍ਰਦਾਨ ਕਰਨ ਦੇ ਯੋਗ ਬਣਾਉਣ ਲਈ ਐਲਬਰਟਾ ਸਰਕਾਰ ਵੱਲੋਂ ਮਿਲੀ ਲਗਾਤਾਰ ਸਹਾਇਤਾ ਵਾਸਤੇ ਅਸੀਂ ਡੂੰਘੇ ਧੰਨਵਾਦੀ ਹਾਂ। ਸਾਡੀਆਂ ਜੜ੍ਹਾਂ ਐਲਬਰਟਾ 'ਚ ਡੂੰਘੀਆਂ ਲੱਗੀਆਂ ਹੋਈਆਂ ਹਨ ਅਤੇ 40 ਸਾਲਾਂ ਦੇ ਨੇੜੇ ਤੇੜੇ, ਅਸੀਂ ਆਪਣੇ ਸਰਕਾਰੀ ਭਾਈਵਾਲਾਂ ਅਤੇ ਉਨ੍ਹਾਂ ਕਮਿਊਨਿਟੀਆਂ, ਜਿੰਨ੍ਹਾਂ ਦੀ ਅਸੀਂ ਪ੍ਰਫੁਲਤ ਹੋਣ, ਉਭਰਨ 'ਚ ਸੇਵਾ ਕਰਦੇ ਅਤੇ ਹਰੇਕ ਦਿਨ ਜਿੱਥੇ ਅਸੀਂ ਆਪਣਾ ਮਿਸ਼ਨ ਪ੍ਰਦਾਨ ਕਰਦੇ ਹਾਂ, ਵੱਲੋਂ ਮਿਲੀ ਅਡੋਲ ਸਹਾਇਤਾ ਉੱਪਰ ਨਿਰਭਰ ਕੀਤਾ ਹੈ।"

*Katherine Emberly, ਪ੍ਰੈਜ਼ੀਡੈਂਟ ਐਂਡ ਸੀ ਈ ਓ, STARS*

## ਫੌਰੀ ਤੱਥ

- STARS ਇਕ ਹੈਲੀਕਾਪਟਰ ਹਵਾਈ ਐਂਬੂਲੈਂਸ ਸੰਸਥਾ ਹੈ ਜਿਹੜੀ ਗੰਭੀਰ ਰੂਪ 'ਚ ਬਿਮਾਰ ਅਤੇ ਸੱਟ ਖਾਧੇ ਮਰੀਜ਼ਾਂ ਲਈ ਤੇਜ਼ ਅਤੇ ਵਿਸ਼ੇਸ਼ੀਕ੍ਰਿਤ ਐਮਰਜੈਂਸੀ ਮੈਡੀਕਲ ਸਿਹਤ ਸੰਭਾਲ ਅਤੇ ਟ੍ਰਾਂਸਪੋਰਟੇਸ਼ਨ ਪ੍ਰਦਾਨ ਕਰਦੀ ਹੈ।
- STARS ਆਪਣਾ ਖੁਦਾ ਦਾ ਡਿਸਪੈਚ ਸੈਂਟਰ, ਐਮਰਜੈਂਸੀ ਲਿੰਕ ਸੈਂਟਰ ਚਲਾਉਂਦੀ ਹੈ, ਜੋ ਕੈਲਗਰੀ ਇੰਟਰਨੈਸ਼ਨਲ ਏਅਰਪੋਰਟ 'ਤੇ ਹੈ ਅਤੇ ਇਹ ਐਲਬਰਟਾ 'ਚ ਸਾਰੀਆਂ ਹੈਲੀਕਾਪਟਰ ਐਂਬੂਲੈਂਸ ਫਲਾਈਟਾਂ ਡਿਸਪੈਚ ਕਰਦਾ ਹੈ। STARS ਡਿਸਪੈਚ ਸੂਬਾਈ ਹਵਾਈ ਅਤੇ ਜ਼ਮੀਨੀ ਐਂਬੂਲੈਂਸ ਡਿਸਪੈਚ ਅਤੇ ਬਾਕੀ ਸੂਬਾਈ ਐਮਰਜੈਂਸੀ ਮੈਡੀਕਲ ਸਰਵਸਿਸਿਜ਼ ਸਿਸਟਮਾਂ ਨਾਲ ਨੇੜਿਓਂ ਹੋ ਕੇ ਕੰਮ ਕਰਦਾ ਹੈ।
- STARS ਐਮਰਜੈਂਸੀ ਮੈਡੀਕਲ ਸਰਵਿਸਿਜ਼ ਕਰਮਚਾਰੀਆਂ ਅਤੇ ਹੋਰ ਫਸਟ ਰਿਸਪਾਂਡਰਾਂ ਦੀ ਬੇਨਤੀ 'ਤੇ, ਅਕਸਰ ਐਮਰਜੈਂਸੀਆਂ ਅਤੇ ਅੰਤਰ-ਫੈਸਿਲਿਟੀ ਮਰੀਜ਼ ਤਬਾਦਲਿਆਂ 'ਚ ਸੇਵਾ ਪ੍ਰਦਾਨ ਕਰਦਾ ਹੈ।
- STARS ਕੈਲਗਰੀ, ਐਡਮਿੰਟਨ ਅਤੇ ਗਰੈਂਡ ਪਰੇਰੀ ਵਿਚਲੇ ਆਪਣੇ ਬੇਸਾਂ ਤੋਂ ਹਵਾਈ ਐਂਬੂਲੈਂਸ ਸੇਵਾਵਾਂ ਮੁਹੱਈਆ ਕਰਦਾ ਹੈ। ਇਹ ਆਪਣੇ ਖੁਦ ਦੇ ਰੋਟਰੀ-ਵਿੰਗ ਏਅਰਕਰਾਫਟ ਪ੍ਰੋਵਾਈਡਰ ਵਜੋਂ ਕੰਮ ਕਰਦਾ ਅਤੇ ਆਪਣਾ ਹਵਾਈ ਮੈਡੀਕਲ ਅਮਲਾ, ਜੋ ਵਿਸ਼ੇਸ਼ ਤੌਰ 'ਤੇ ਸਿਖਲਾਈਯਾਫਤਾ ਪੈਰਾ ਮੈਡਿਕਸ, ਫਲਾਈਟ ਨਰਸਾਂ ਅਤੇ ਟ੍ਰਾਂਸਪੋਰਟ ਡਾਕਟਰਾਂ ਦਾ ਬਣਿਆ ਹੈ, ਸਪਲਾਈ ਕਰਦਾ ਹੈ।

## ਸਬੰਧਤ ਖਬਰਾਂ

- ਸਮੇਂ ਸਿਰ ਸਿਹਤ ਸੰਭਾਲ ਜਦੋਂ ਵੀ ਅਤੇ ਜਿੱਥੇ ਵੀ ਚਾਹੀਦੀ ਹੋਵੇ (11 ਅਪਰੈਲ 2024)
- ਐਲਬਰਟਾ ਦੀਆਂ ਐਮਰਜੈਂਸੀ ਸਰਵਿਸਿਜ਼ ਵਿਚ ਪੂੰਜੀ ਨਿਵੇਸ਼ (21 ਫਰਵਰੀ 2024)
- ਐਮਰਜੈਂਸੀ ਮੈਡੀਕਲ ਸਰਵਿਸਿਜ ਨੂੰ ਤਕੜਿਆਂ ਕਰਨਾਂ (28 ਨਵੰਬਰ 2023)
- ਰੀਫੋਕਸਿੰਗ ਆਨ ਪੇਸ਼ੈਂਟ-ਸੈਂਟਰਡ ਕੇਅਰ ( 8 ਨਵੰਬਰ 2023)

- ਰਿਸਪਾਂਸ ਸਮਿਆਂ 'ਚ ਸੁਧਾਰ ਲਿਆਉਣ ਲਈ  EMS 'ਚ ਨਵੀਂ ਸਹਾਇਤਾ ਜੋੜਨਾਂ (3 ਅਪਰੈਲ 2023)

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਵੇਖੋ

## ਇੰਨਕੁਆਰੀਆਂ


### Sam Blackett

587-589-6048
ਪ੍ਰੈੱਸ ਸੈਕਰੇਟਰੀ, ਆਫਿਸ ਆਫ ਦਿ ਪ੍ਰੀਮੀਅਰ

### Andrea Smith

780-405-0775
ਪ੍ਰੈੱਸ ਸੈਕਰੇਟਰੀ, ਹੈਲਥ